ੴ ਸਤਿਗੁਰ ਪ੍ਰਸਾਦਿ॥





ਮਹਾਨ ਸ਼ਹੀਦ ਅਤੇ ਕੌਮ ਸ਼ਹੀਦਾਂ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

ਜੂਨ ੧੯੯੫	ਸਮੰਤ ਖਾਲਸਾ ੨੯੭	ਪਜਵੀਂ ਵਾਰ ੧੦,੦੦੦

ਭੇਟਾ:- ਪੜ੍ਹ ਕੇ ਹੋਰਨਾਂ ਨੂੰ ਪੜ੍ਹਾਓ।

ਮਹਾਨ-ਸ਼ਹੀਦ

'ਸ਼ਹੀਦ' ਅਰਬੀ ਬੋਲੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸ਼ਹਾਦਤ-ਗਵਾਹੀ ਜਾਂ ਸਾਖੀ ਭਰਨ ਵਾਲਾ।

ਕਿਸ ਗੱਲ ਦੀ ਸਾਖੀ ਭਰਨੀ ਜਾ ਗਵਾਹੀ ਦੇਣੀ ? ਇਸ ਗੱਲ ਨੂੰ ਸਮਝਣ ਲਈ ਸਿਆਣਿਆਂ ਦਾ ਕਥਨ ਹੈ ਕਿ ਮਨੁੱਖੀ ਜੀਵਨ ਦੇ ਦੋ ਭਾਗ ਹੁੰਦੇ ਹਨ :

(1) ਆਤਮਕ (2) ਸਰੀਰਕ

ਆਤਮਕ ਭਾਗ ਜਾਂ ਆਤਮਕ ਪਖ ਭਾਵੇਂ ਸਰੀਰਕ ਪਖ ਨਾਲੋਂ ਪਹਿਲਾਂ ਅਤੇ ਜ਼ਰੂਰੀ ਮੰਨਿਆ ਗਿਆ ਹੈ ਪਰ ਸੰਸਾਰਕ ਜੀਵਨ ਯਾਤਰਾ ਵਿਚ ਸਰੀਰਕ ਪੱਖ ਦੀ ਮਹਾਨਤਾ ਵੀ ਘਟ ਨਹੀਂ। ਇਸ ਤਰ੍ਹਾਂ ਇਸ ਸੰਸਾਰ ਵਿਚ ਵਿਚਰਨ ਲਈ ਮਨੁੱਖ ਦਾ ਆਤਮਕ ਅਤੇ ਸਰੀਰਕ ਪਖ ਦੋਵੇਂ ਆਪੋ ਆਪਣੀ ਥਾਂ ਜ਼ਰੂਰੀ ਮੰਨੇ ਗਏ ਹਨ। ਜਿਨ੍ਹਾਂ ਵਿਚੋਂ ਕਿਸੇ ਇਕ ਦੀ ਅਣਹੋਂਦ ਕਾਰਨ ਜੀਵਨ ਯਾਤਰਾ ਸਫਲਤਾ ਨਾਲ ਨਹੀਂ ਨਿਭਾਈ ਜਾ ਸਕਦੀ। ਗੁਰੂ ਅਮਰਦਾਸ ਜੀ ਮਹਾਰਾਜ ਦਾ ਕਥਨ ਹੈ ਕਿ ਹਰੀ ਪ੍ਰਭੂ ਨੇ ਆਪਣੀ ਜੋਤ ਇਸ ਸਰੀਰ ਵਿਚ ਰਖੀ ਤਾਂ ਹੀ ਇਹ ਸੰਸਾਰ ਵਿਚ ਆਇਆ :—

ਏ ਸਰੀਰਾ ਮੇਰਿਆ,
ਹਰਿ ਤੁਮ ਮਹਿ ਜੋਤਿ ਰਖੀ,
ਤਾਂ ਤੂ ਜਗ ਮਹਿ ਆਇਆ ॥ (ਅਨੰਦ ਸਾਹਿਬ)

ਪਰ ਹੋਇਆ ਇਹ ਕਿ ਜਿਸ ਪ੍ਰ[illegible] ਦੀ ਰਚਨਾ ਕੀਤੀ, ਇਸ ਸੰਸਾਰ ਵਿਚ ਆ ਕੇ, ਇਸ ਨੇ ਉਸ (ਰਚਨਹਾਰ) ਨੂੰ ਹੀ ਭੁਲਾ ਦਿੱਤਾ। ਜਦ [illegible]ਰੀ ਪ੍ਰਭੂ ਨਾਲੋਂ ਲਿਵ ਛੁਟ (ਟੁਟ) ਗਈ ਤਾਂ ਤ੍ਰਿਸ਼ਨਾ ਇਸ ਨੂੰ ਆ ਲਗੀ

ਲਿਵ ਛੁੜਕੀ, ਲਗੀ ਤ੍ਰਿਸ਼ਨਾ,
ਮਾਇਆ ਅਮਰ ਵਰਤਾਇਆ ।

ਨਤੀਜਾ ਇਹ ਹੋਇਆ ਹੈ ਕਿ 'ਦਾਤ ਪਿਆਰੀ, ਵਿਸਰਿਆ ਦਾਤਾਰਾ' ਵਾਲੀ ਗੱਲ ਹੋ ਗਈ।

ਮਨੁੱਖੀ ਜੀਵਨ ਦਾ ਵਿਸ਼ੇਸ਼ ਭਾਗ ਅਤੇ ਸਮਾਂ ਅਸਥੂਲ ਵਸਤਾਂ ਅਰਥਾਤ ਦੁਨਿਆਵੀ ਪਦਾਰਥਾਂ, ਪੁੱਤਰਾਂ-ਧੀਆਂ ਅਤੇ ਨਾਸ਼ਮਾਨ ਮਾਇਕ ਪਦਾਰਥਾਂ ਵਿਚ ਹੀ ਖੱਚਤ ਰਹਿਣ ਲਗ ਪਿਆ। ਕਾਮ, ਕਰੋਧ, ਲੋਭ, ਮੋਹ, ਹੰਕਾਰ ਵਸ ਹੋਏ ਨੇ 'ਹਰੀ ਮੂਰਤ' ਨੂੰ ਹੀ ਵਿਸਾਰ ਦਿੱਤਾ।

ਧਨ-ਦੌਲਤ ਤਾਂ ਗੁਜ਼ਰਾਨ ਲਈ ਸੀ ਪਰ ਮੋਹ ਅਤੇ ਤ੍ਰਿਸ਼ਨਾ ਵਸ ਹੋਰ-ਹੋਰ ਦੀ ਲਾਲਸਾ ਨੇ ਇਸ ਅੰਦਰ ਸਵਾਰਥ (ਖ਼ੁਦਗਰਜ਼ੀ) ਐਸੀ ਹਾਵੀ (ਭਾਰੂ) ਹੋ ਗਈ ਜਿਸ ਨੇ ਇਸ ਦੇ ਦੂਜੇ ਭਾਗ (ਆਤਮਕ ਗੁਣੋਂ) ਸੱਤ, ਸੰਤੋਖ, ਦਇਆ, ਧਰਮ, ਧੀਰਜ ਅਤੇ ਉਪਕਾਰ ਵਰਗੀਆਂ ਸੂਖਮ ਤੇ ਸਦੀਵੀ ਰਹਿਣ ਵਾਲੀਆਂ ਕੀਮਤਾਂ ਕਦਰਾਂ ਨੂੰ ਮੰਨਣ ਤੋਂ ਹੀ ਇਨਕਾਰੀ ਹੋ ਗਿਆ।

ਸਿੱਟਾ ਕੀ ਨਿਕਲਿਆ ? ਪਸ਼ੂ ਬਿਰਤੀ ਪ੍ਰਧਾਨ ਹੋ ਗਈ ਅਤੇ ਇਸ ਆਪਾ-ਧਾਪੀ ਵਾਨ.। ਬਿਰਤੀ ਨੇ ਪ੍ਰਭੂ ਦੇ ਸੁੰਦਰ-ਰਮਣੀਕ ਬਾਗ ਨੂੰ ਉਜਾੜ ਵੀਰਾਨ ਕਰ ਦਿਤਾ। ਹਰ ਪਾਸੇ ਅੱਗ ਤੇ ਮੌਤ ਦੇ ਝੰਡੇ ਚੁਕੀ ਭਰਾ-ਭਰਾਵਾਂ ਨੂੰ ਮਾਰਨ ਲੱਗ ਪਏ। ਜ਼ੁਲਮ ਤੇ ਪਾਪ ਦ। ਜਦ ਹੱਦ ਹੋ ਗਈ ਤਾਂ ਸਭ ਪਾਸੇ ਹਾਹਾਕਾਰ ਮੱਚ ਗਈ।

ਐਸੀ ਹਾਲਤ ਵਿਚ ਆਪਣੇ ਅਸਲੇ ਨੂੰ ਭੁਲੀ, ਮਨੁੱਖ ਆਤਮਾ ਨੂੰ ਅਗਿਆਨਤਾ ਦੇ ਅੰਧਕਾਰ ਵਿੱਚੋਂ ਕੱਢਣ ਲਈ, ਸਮੇਂ ਸਮੇਂ ਕਿਸੇ ਨਾ ਕਿਸੇ ਮਹਾਨ ਆਤਮਾ ਦਾ ਪ੍ਰਕਾਸ਼ ਹੁੰਦਾ ਹੈ ਜੋ ਆਪਣੇ ਸਬਰ, ਸਿਦਕ, ਪਰਉਪਕਾਰ, ਨਿਸ਼ਕਾਮਤਾ ਵਾਲੀ ਕੁਰਬਾਨੀ (ਆਦਿ ਰਬੀ ਗੁਣਾਂ) ਵਾਲੇ ਜੀਵਨ ਦੀ ਬਾਜ਼ੀ ਲਾ ਕੇ ਇਹ ਗਵਾਹੀ (ਸ਼ਹਾਦਤ) ਦੇਂਦਾ ਹੈ ਕਿ ਇਸ ਦਿਸਦੇ ਦੁਨਿਆਵੀ ਚਿਤਰ (ਵਸਤਾਂ) ਦੇ ਪਿਛੇ ਸੂਖਮ-ਅਣਦਿਸਦੇ ਕਾਦਰ (ਕਰਤਾਰ) ਦਾ ਵੀ ਹੱਥ ਹੈ। ਇਸ ਤਰ੍ਹਾਂ ਇਸ ਕਾਦਰ ਦੇ ਆਸਰੇ ਉਹ ਮਹਾਨ ਜੀਵ ਆਤਮਾ, ਸਭ ਤਰ੍ਹਾਂ ਦੇ ਦੁਨਿਆਵੀ ਲਾਭ-ਹਾਨ ਤੋਂ ਉਪਰ ਉਠ ਕੇ ਹੱਕ ਦਾ ਨਾਹਰਾ ਮਾਰਦਾ ਹੈ।

ਹੱਕ ਦਾ ਨਾਹਰਾ ਮਾਰਦਿਆਂ ਆਪਣਾ ਆਪ ਤਕ ਕੁਰਬਾਨ ਕਰ ਦੇਣਾ, ਉਸ ਮਹਾਨ ਆਤਮਾ ਦਾ ਹੀ ਕੰਮ ਹੁੰਦਾ ਹੈ ਜੋ ਸੂਖਮ ਤੱਤ ਵਸਤੂ ਦੇ ਮੁਕਾਬਲੇ ਅਸਥੂਲ ਪਦਾਰਥਾਂ ਨੂੰ ਨਾਸ਼ਮਾਨ ਸਮਝਦੇ ਹੋਇਆਂ ਵੀ ਆਪਣਾ ਆਚਾਰ ਸੱਚਾ ਤੇ ਮੰਤੁਲਿਤ ਰਖਦਾ ਹੈ ਤੇ ਇਸ ਤਰ੍ਹਾਂ ਸੱਚ ਦੀ ਗਵਾਹੀ ਭਰਦਾ ਹੈ।

ਸਿੱਖ ਸਤਿਗੁਰੂਆਂ ਤੋਂ ਪਹਿਲਾਂ ਸੰਸਾਰ ਵਿਚ ਸ਼ਹਾਦਤ ਦੇਣ ਵਾਲੇ ਭਾਵੇਂ ਕਈ ਮਹਾਂਪੁਰਖ ਹੋਏ ਪਰ ਉਨ੍ਹਾਂ ਵਿਚੋਂ ਹਜ਼ਰਤ ਇਬਰਾਹੀਮ ਅਤੇ ਭਗਤ ਪ੍ਰਹਿਲਾਦ ਨੂੰ ਵਿਸ਼ੇਸ਼ ਪਦਵੀ ਪ੍ਰਾਪਤ ਇਸ ਲਈ ਸਮਝੀ ਜਾਂਦੀ ਹੈ ਕਿਉਂਕਿ ਇਨ੍ਹਾਂ ਦੋਹਾਂ ਨੂੰ ਆਪਣੇ ਪ੍ਰਭੂ ਵਿਸ਼ਵਾਸ ਦੀ ਪਕਿਆਈ ਦੇ ਸਬੂਤ ਵਿਚ ਅੱਗ ਨਾਲ ਟੱਕਰ ਖਾਣੀ ਪਈ।

ਜਦ ਅਸੁਰੀ (ਰਾਖਸ਼ੀ) ਸ਼ਕਤੀਆਂ ਦੇ ਨੁਮਾਇੰਦੇ ਨਮਰੂਦ ਨੇ ਹਜ਼ਰਤ ਇਬਰਾਹੀਮ ਨੂੰ ਅੱਗ ਦੇ ਅੰਗਾਰਿਆਂ ਉੱਤੇ ਤੁਰਨ ਲਈ ਅਤੇ ਹਰਨਾਖਸ਼ ਨੇ ਬਾਲਕ-ਭਗਤ, ਪ੍ਰਹਿਲਾਦ ਨੂੰ ਅੱਗ ਵਾਂਗ ਭਖਦੇ ਲਾਲ ਥੰਮ ਨੂੰ ਜੱਫੀ ਪਾਉਣ ਲਈ ਵੰਗਾਰਿਆ ਤਾਂ ਇਹ ਦੋਵੇਂ ਮਹਾਂਪੁਰਖ ਟਾਕਰੇ ਲਈ ਨਿਤਰੇ ਤਾਂ ਜ਼ਰੂਰ; ਪਰ ਉਨ੍ਹਾਂ ਦੇ ਸਿਦਕ ਦੀ ਅਡੋਲਤਾ ਲਈ ਪ੍ਰਭੂ ਨੇ ਇਕ ਪਾਸੇ ਅੱਗ ਦੇ ਅੰਗਾਰਿਆਂ ਨੂੰ ਫੁੱਲਾਂ ਵਿਚ ਬਦਲ ਦਿਤਾ ਅਤੇ ਦੂਜੇ ਪਾਸੇ ਬਾਲ ਭਗਤ ਦੀ ਦ੍ਰਿੜਤਾ ਕਾਇਮ ਰੱਖਣ ਲਈ ਆਪ ਹੀ ਕੀੜੀ ਦਾ ਰੂਪ ਧਾਰ ਕੇ ਭਖਦੇ ਲਾਲ ਥੰਮ ਉੱਤੇ ਤੁਰ ਨਿਕਲਿਆ। ਦੋਹਾਂ ਹਾਲਤਾਂ ਵਿਚ ਪ੍ਰਮਾਤਮਾ ਨੇ ਆਪਣਿਆਂ ਸੇਵਕਾਂ ਨੂੰ, ਆਪਣੇ ਭਗਤਾਂ ਨੂੰ ਰਤੀ ਭਰ ਵੀ ਸੇਕ ਨਾ ਲੱਗਣ ਦਿੱਤਾ।

ਇਸ ਤਰ੍ਹਾਂ ਮਨੁੱਖਤਾ ਦੀ ਤਾਂ ਜੈ ਜੈ ਕਾਰ ਹੋਈ ਪਰ ਨੁਕਤਾ-ਚੀਨੀ ਕਰਨ ਵਾਲਿਆਂ ਨੇ ਇਸ ਤਰ੍ਹਾਂ ਪੁੱਗਣ ਉੱਤੇ ਕਿੰਤੂ ਕੀਤਾ। ਇਨ੍ਹਾਂ ਦੀ ਤਸੱਲੀ ਨਾ ਹੋਈ।

ਆਖਰ ਇਨਸਾਨੀਅਤ ਅਤੇ ਨੇਕੀ ਦੀ ਪਸ਼ੂ-ਪੁਣੇ ਉੱਤੇ ਸਦੀਵੀ ਜਿੱਤ ਪਾਉਣ ਅਤੇ ਇਨ੍ਹਾਂ ਨੁਕਤਾਚੀਨੀ ਦੀ ਤਸੱਲੀ ਹਿਤ

ਸਭੁ ਕੋ ਮੀਤੁ ਹਮ ਆਪਣਾ ਕੀਨਾ।

ਹਮ ਸਭਨਾਂ ਕੇ ਸਾਜਨ॥

ਦਾ ਨਾਹਰਾ ਲਾਉਣ ਵਾਲੇ ਸਤਿਗੁਰੂ ਅਰਜਨ ਪਾਤਸ਼ਾਹ ਨੂੰ ਰਾਜ ਮਦ ਵਿਚ ਮੱਤਾ ਮਜ਼੍ਹਬੀ ਤਅੱਸਬ ਅਤੇ ਹਰ ਵੇਲੇ ਸ਼ਰਾਬ ਵਿਚ ਗ੍ਰਸਿਆ ਰਹਿਣ ਵਾਲਾ ਬਾਦਸ਼ਾਹ ਜਹਾਂਗੀਰ ਕੀ ਸਮਝ ਸਕਦਾ ਸੀ?

ਨਾ ਕੋ ਬੈਰੀ ਨਾਹਿ ਬੇਗਾਨਾ
ਸਗਲ ਸੰਗਿ ਹਮ ਕਉ ਬਨਿਆਈ ॥

ਕਹਿਣ ਤੇ ਕਮਾਉਣ ਵਾਲੇ ਮਨੁੱਖ ਮਾਤਰ ਦੀ ਭਲਾਈ ਦੇ ਜਤਨਾਂ ਵਿਚ ਰਹਿਣ ਵਾਲੇ ਨੂੰ "ਝੂਠ ਦੀ ਦੁਕਾਨ" ਦਸ ਕੇ ਝੂਠੇ ਤੇ ਚੁਗਲਖੋਰਾਂ ਦੇ ਪ੍ਰਭਾਵ ਹੇਠ ਗੁਰੂ ਸਾਹਿਬ ਨੂੰ ਅਜ਼ਾਬ (ਤਸੀਹੇ) ਦੇ ਕੇ ਖਤਮ ਕਰਨ ਦੀ ਭਾਲ ਵਿਚ ਸੀ ਜੋ ਕਿ 'ਖੁਸਰੋ' ਦੇ ਮੇਲ ਦਾ ਬਹਾਨਾ ਬਣਾ ਕੇ ਸਾਹਿਬਾਂ ਨੂੰ ਜੇਠ ਦੀ ਸਖਤ ਗਰਮੀ ਵਿਚ ਤੱਤੀ ਤਵੀ ਤੇ ਬਿਠਾ ਕੇ, ਉਤੋਂ ਸੀਸ ਉਤੇ ਗਰਮ ਰੇਤ ਪੁਆਈ ਅਤੇ ਉਬਲਦੀ ਦੇਗ ਵਿਚ ਉਬਾਲਿਆ। ਸਾਰਾ ਸਰੀਰ ਛਾਲੇ ਛਾਲੇ ਹੋ ਗਿਆ ਪ੍ਰੰਤੂ ਕੋਮਲ ਸੁਭਾਵ ਵਾਲੇ ਗੁਰੂ ਪਾਤਸ਼ਾਹ ਨੇ ਆਪਣੇ ਕਹੇ ਵਾਕ—

ਤੇਰਾ ਕੀਆ ਮੀਠਾ ਲਾਗੈ
ਅਤੇ—*ਬੁਰਾ ਨਹੀ ਸਭੁ ਭਲਾ ਹੀ ਹੈ ਰੇ*
ਹਾਰ ਨਹੀ ਸਭੁ ਜੇਤੇ।

ਦੀ ਸੱਚਾਈ ਨੂੰ ਆਪਣੀ ਮਹਾਨ ਸ਼ਹਾਦਤ ਨਾਲ ਸਾਰੇ ਸੰਸਾਰ ਨੂੰ ਸਾਬਤ ਕਰ ਦਿੱਤਾ ਕਿ ਗੁਰੂ ਨਾਨਕ ਪਾਤਸ਼ਾਹ ਦੀ 'ਸਰਬਤ ਦੇ ਭਲੇ ਹਿਤ ਚਲਾਈ ਲਹਿਰ' ਕੋਈ 'ਝੂਠ ਦੀ ਦੁਕਾਨ' ਜਾਂ ਨਿਰੀਆਂ ਗੱਲਾਂ ਕਰਨ ਵਾਲਿਆਂ ਦਾ ਇਕੱਠ ਨਹੀਂ, ਸਗੋਂ ਧੁਰੋਂ ਅਕਾਲ ਪੁਰਖ ਵਲੋਂ ਪਠਾਏ ਗੁਰੂ ਨਾਨਕ ਪਾਤਸ਼ਾਹ—

ਸੁਣੀ ਪੁਕਾਰ ਦਾਤਾਰ ਪ੍ਰਭ
ਗੁਰ ਨਾਨਕ ਜਗ ਮਾਹਿ ਪਠਾਇਆ ॥

ਅਤੇ ਉਨ੍ਹਾਂ ਦੇ ਉੱਤਰ ਅਧਿਕਾਰੀ ਸਿੱਖ ਸਤਿਗੁਰੂਆਂ ਦਾ ਉਹ ਹੱਟ ਹੈ, ਜਿਥੋਂ ਬਿਨਾਂ ਵਿਤਕਰੇ ਸੱਚੇ-ਸੁੱਚੇ ਆਚਾਰ ਅਤੇ ਸੱਚੀ ਸ਼ਹਾਦਤ ਦਾ ਸੌਦਾ ਪ੍ਰਾਪਤ ਹੁੰਦਾ ਹੈ।

ਸਬਰ ਅਤੇ ਜਬਰ ਦੇ ਇਸ ਸੰਗਰਾਮ ਨੂੰ ਵੇਖ ਕੇ ਹਜ਼ਰਤ ਮੀਆਂ ਮੀ
ਤੇ ਕੀ ਹੋਰ, ਸਭ ਮੂੰਹ 'ਚ ਉਂਗਲਾਂ ਪਾਈ ਹੈਰਾਨ ਪ੍ਰੇਸ਼ਾਨ ਸਨ। ਪਰ ਇਧਰ ਗੁਰੂ ਪਾਤਸ਼ਾਹ ਦੇ ਮੂੰਹੋਂ ਨ ਕੋਈ ਦੁਖ ਦੀ ਚੀਸ ਫੁਟੀ ਅਤੇ ਨਾ ਹੀ ਜ਼ਾਲਮ ਲੋਕਾਂ ਵਿਰੁਧ ਕੋਈ ਸਰਾਪ ਦਾ ਬੋਲ ਨਿਕਲਿਆ। ਸਗੋਂ ਜੀਵਨ ਦੀ ਅੰਦਰੂਨੀ ਡੂੰਘਾਈ 'ਚੋਂ ਨਿਕਲੇ ਪਿਤਾ ਗੁਰੂ ਰਾਮਦਾਸ ਜੀ ਦੇ ਸ਼ਬਦ ਉਨ੍ਹਾਂ ਦੇ ਮੁਖਾਰਬਿੰਦ ਤੋਂ ਦੋਹਰਾਏ ਜਾ ਰਹੇ ਸਨ :—

ਜੇ ਸੁਖ ਦੇਹਿ ਤ ਤੁਝਹਿ ਅਰਾਧੀ,
ਦੁਖਿ ਭਿ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ।
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥

ਆਖਰ ਪੰਜ ਦਿਨਾਂ ਦੇ ਅਸਹਿ ਅਤੇ ਅਕਹਿ ਕਸ਼ਟਾਂ ਨੂੰ ਸਹਾਰਦੇ ਹੋਏ ਗੁਰੂ ਪਾਤਸ਼ਾਹ ਜੇਠ ਸੁਦੀ ਚੌਥ, ਸੰਮਤ 1663 ਨੂੰ ਆਪਣੇ ਪੰਜ ਭੂਤਕ ਸਰੀਰ ਦਾ ਠੀਕਰਾ ਜ਼ੋਰ ਤੇ ਜ਼ਬਰ ਦੇ ਸਿਰ ਭੰਨ ਕੇ ਆਪਣੀ ਸ਼ਹਾਦਤ ਨਾਲ ਮਾਨਵਤਾ ਦੀ ਜਿੱਤ ਦੀ ਇਕ ਐਸੀ ਅਬਚਲ ਗਵਾਹੀ ਦੇ ਗਏ ਜਿਸ ਨਾਲ ਨ ਕੇਵਲ ਮਾਇਆਵਾਦੀ ਨੁਕਤਾਚੀਨਾਂ ਅਤੇ ਹੋਰਨਾਂ ਦਾ ਤਸੱਲੀ ਹੀ ਹੋ ਗਈ ਸਗੋਂ ਧਰਮ ਦੇ ਰਾਹ ਉਤੇ ਹੱਸ ਹੱਸ ਕਰਦਿਆਂ, ਖੋਪਰੀ ਲੁਹਾਉਣ, ਬੰਦ ਬੰਦ ਕਟਵਾਉਣ, ਚਰਖੜੀਆਂ ਉੱਤੇ ਚੜ੍ਹ ਕੇ ਬੋਟੀ ਬੋਟੀ ਕਰਵਾਉਣ ਅਤੇ ਆਪਣੇ ਬੱਚਿਆਂ ਦੇ ਟੁਕੜੇ ਆਪਣੀਆਂ ਅੱਖਾਂ ਸਾਹਮਣੇ ਕਰਾ ਕੇ ਝੋਲੀਆਂ ਵਿਚ ਪੁਆਉਣ ਵਾਲੇ ਬੇਅੰਤ ਸਿਦਕੀ ਸ਼ਹੀਦ ਸਿੰਘਾਂ ਸਿੰਘਣੀਆਂ ਦੀਆਂ ਜਮਾਤਾਂ ਤਿਆਰ ਹੋ ਗਈਆਂ :

ਇਸ ਤਰ੍ਹਾਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਪਾਤਸ਼ਾਹ ਦੀ ਸਭ ਪਾਸੇ ਜੈ ਜੈ ਕਾਰ ਦਾ ਵਰਨਣ ਮਥੁਰਾ ਜੀ ਕਰਦੇ ਹੋਏ ਲਿਖਦੇ ਹਨ :—

ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛ ਭੇਦ ਨਹੀ ਗੁਰੂ ਅਰਜਨੁ ਪਰਤਖ ਹਰਿ॥

ਸ਼ਹੀਦੀ ਦਾ ਇਕ ਹੋਰ ਪੱਖ

ਜੇਠ ਦੇ ਮਹੀਨੇ, ਜਦ ਬਹੁਤ ਗਰਮੀ ਪੈਂਦੀ ਹੈ ਤਾਂ ਗੁਰੂ ਦੇ ਸਿਖਾਂ ਦਾ ਖਿਆਲ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਲ ਚਲਾ ਜਾਂਦਾ ਹੈ। ਇਹੋ ਜਿਹੇ ਸਮੇਂ ਗੁਰੂ ਸਿੱਖਾਂ ਦਾ ਧਿਆਨ ਲਾਹੌਰ ਦੀ ਅਤਿ ਗਰਮੀ ਵਿਚ ਅੱਗ ਦੀ ਭੱਠੀ, ਭੱਠੀ ਉਤੇ ਉਬਲਦੇ ਪਾਣੀ ਦੀ ਦੇਗ ਅੰਦਰ ਗੁਰੂ ਪਾਤਸ਼ਾਹ ਦਾ ਚੌਂਕੜੀ ਮਾਰ ਬੈਠਣਾ, ਤੱਤੀ ਤਵੀ ਉਤੇ ਬੈਠੇ ਨੂੰ ਗਰਮ ਰੇਤੇ ਦਾ ਉਪਰ ਪੈਣਾ ਇਕ ਫ਼ਿਲਮ ਦੀ ਤਰ੍ਹਾਂ ਅੱਖਾਂ ਅੱਗੇ ਆ ਜਾਂਦਾ ਹੈ। ਇਸ ਭਿਆਨਕ ਦ੍ਰਿਸ਼ ਨੂੰ ਹਜ਼ਰਤ ਮੀਆਂ ਮੀਰ ਵਰਗੇ ਉਚੇ ਸੁੱਚੇ ਫਕੀਰ ਵੀ ਦੇਖ ਨ ਸਕੇ ਤੇ ਬਾਹਾਂ ਉਚੀਆਂ ਕਰ ਕੇ ਪ੍ਰਭੂ ਪ੍ਰਮਾਤਮਾ ਪਾਸੋਂ ਇਸ ਕਹਿਰ ਦੇ ਹੋਣ ਬਾਰੇ ਪੁਛਦੇ ਹਨ ਕਿ ਇਹ ਭਾਣਾ ਕਿਉਂ ਅਤੇ ਕਿਸ ਲਈ ਵਰਤਿਆ ?

ਹਜ਼ਰਤ ਮੀਆਂ ਮੀਰ ਦੀ ਇਸ 'ਕਿਉਂ' ਤੇ 'ਕਿਸ ਲਈ' ਪੁਛ ਅੰਦਰ ਉਦੋਂ ਵੀ ਅਤੇ ਅੱਜ ਵੀ ਸਾਡੇ ਵਰਗੇ ਬਿਅੰਤ ਲੋਕਾਂ ਦੀ ਪੁਛ ਵੀ ਸ਼ਾਮਲ ਹੈ ਅਤੇ ਇਹ ਪੁਛ ਅੱਗੇ ਵੀ ਕਾਇਮ ਰਹੇਗੀ ਅਤੇ ਕੋਈ ਇਸ ਦਾ ਦੋਸ਼ ਚੰਦੂ, ਕੋਈ ਮੁਰਤਜ਼ਾ ਖਾਨ ਜਾਂ ਜਹਾਂਗੀਰ ਨੂੰ ਠਹਿਰਾਂਦੇ ਹਨ ਤੇ ਠਹਿਰਾਉਂਦੇ ਰਹਿਣਗੇ ਜੋ ਕਿਸੇ ਹੱਦ ਤਕ ਤਾਂ ਠੀਕ ਵੀ ਹੈ। ਪਰ ਇਕ ਆਤਮਕ ਖੋਜੀ ਇਸ ਸਾਰੀ ਘਟਨਾ ਦੀ ਅਸਲੀਅਤ ਨੂੰ ਗੁਰੂ ਅਰਜਨ ਪਾਤਸ਼ਾਹ ਤੋਂ ਉਨ੍ਹਾਂ ਦੇ ਆਪਣੇ ਕਹੇ ਹੋਏ ਬਚਨਾਂ ਦੇ ਆਧਾਰ ਤੇ ਇਸ ਤਰ੍ਹਾਂ ਸਮਝਦਾ ਹੈ :—

ਗੁਰੂ ਪਾਤਸ਼ਾਹ ਸਾਰੰਗ ਰਾਗ ਵਿਚ ਕਹਿੰਦੇ ਹਨ :—

ਜਾ ਕਉ ਮੁਸਕਲੁ ਅਤਿ ਬਣੈ, ਢੋਈ ਕੋਇ ਨ ਦੇਇ॥
ਲਾਗੂ ਹੋਇ ਦੁਸ਼ਮਨਾ, ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ, ਚੁਕੈ ਸਭੁ ਅਸਰਾਉ॥
ਚਿਤ ਆਵੈ ਓਸੁ ਪਾਰਬ੍ਰਹਮੁ, ਲਗੈ ਨ ਤਤੀ ਵਾਉ॥ (੭੦)

ਇਸੇ ਰਾਗ ਵਿਚ ਇਕ ਹੋਰ ਥਾਂ :—

ਦੂਖੁ ਸੰਤਾਪ ਨ ਲਾਗਈ, ਜਿਸ ਹਰਿ ਕਾ ਨਾਮ ਆਧਾਰ॥

ਸੂਹੀ ਰਾਗ ਵਿਚ ਗੁਰੂ ਸਾਹਿਬ ਲਿਖਦੇ ਹਨ :—

ਪਰਬਤ ਦੋਖ ਮਹਾ ਬਿਕਰਾਲਾ॥

ਖਿਨ ਮਹਿ ਦੂਰਿ ਕੀਏ ਦਇਆਲਾ॥
ਸੋਗ ਰੋਗ ਬਿਪਤਿ ਅਤਿ ਭਾਰੀ॥
ਦੂਰਿ ਭਈ ਜਪਿ ਨਾਮੁ ਮੁਰਾਰੀ॥

ਹੇ ਭਾਈ! (ਸ਼ਰਨ ਆਏ ਮਨੁੱਖ ਦੇ) ਪਹਾੜਾਂ ਜੇਡੇ ਵੱਡੇ 'ਤੇ ਭਿਆਨਕ ਐਬ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਮਾਤਮਾ ਨੇ ਇਕ ਛਿਨ ਵਿਚ ਦੂਰ ਕਰ ਦਿਤੇ।

ਹੇ ਭਾਈ! (ਸੇਵਕ ਦੇ ਅਨੇਕਾਂ ਗ਼ਮ ਅਤੇ ਰੋਗ, ਵੱਡੀਆਂ ਭਾਰੀਆਂ ਮੁਸੀਬਤਾਂ ਪ੍ਰਮਾਤਮਾ ਦਾ ਨਾਮ ਜਪ ਕੇ ਦੂਰ ਹੋ ਗਈਆਂ।

ਇਸ ਅਨੁਸਾਰ ਗੁਰੂ ਅਰਜਨ ਪਾਤਸ਼ਾਹ ਨੇ ਜਗਤ ਜਲੰਦੇ ਲਈ ਨਾਮ ਰੂਪੀ ਇਕ ਐਸੀ ਦਵਾਈ ਲੱਭੀ ਸੀ ਜਿਸ ਦੀ ਵਰਤੋਂ ਸਾਰੇ ਸੰਸਾਰ ਦੇ ਲੋਕਾਂ ਨੂੰ ਦੁੱਖਾਂ, ਰੋਗਾਂ ਤੇ ਹਰ ਪ੍ਰਕਾਰ ਦੀਆਂ ਮੁਸੀਬਤਾਂ ਤੋਂ ਬਚਾ ਸਕਦੀ ਸੀ। ਇਹ ਦੁਆਈ ਵੱਡੀ ਤੋਂ ਵੱਡੀ ਮੁਸੀਬਤ, ਵੱਡੇ ਵੱਡੇ ਦੁਖ ਦੇ ਸਮੇਂ ਵਰਤਿਆ ਨਾਮ ਅਭਿਲਾਸ਼ੀ ਨੂੰ ਜਿਥੇ ਅਰੋਗ ਅਤੇ ਚੜ੍ਹਦੀ ਕਲਾਂ ਵਿਚ ਰਖਦੀ ਹੈ ਉਥੇ ਸਭ ਪ੍ਰਕਾਰ ਦੇ ਦੁਖਾਂ-ਕਲੇਸ਼ਾਂ ਅਤੇ ਮੁਸੀਬਤਾਂ ਦਾ ਨਾਸ ਵੀ ਕਰਦੀ ਹੈ।

ਨਾਮ ਦੀ ਸ਼ਕਤੀ ਬਾਬਤ ਗੁਰੂ ਪਾਤਸ਼ਾਹ ਆਸਾ ਰਾਗ ਵਿਚ ਦਸਦੇ ਹਨ ਕਿ ਬਲਦੀ ਅੱਗ ਵਿਚ ਵੀ ਨਾਮ ਦੀ ਦਵਾਈ ਸੀਤਲ ਅਤੇ ਸ਼ਾਂਤ ਰਖ ਸਕਦੀ ਹੈ :—

ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ॥
ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਹਿ॥

ਜਿਸ ਮਹਾਂਪੁਰਸ਼ ਕੋਲ ਐਸੀ ਕਮਾਲ ਦੀ ਦਵਾਈ ਹੋਵੇ ਜੋ ਸਭ ਤਰ੍ਹਾਂ ਦੇ ਦੁਖਾਂ ਮੁਸੀਬਤਾਂ ਦੇ ਸਮੇਂ ਮਨੁਖ ਨੂੰ ਅਡੋਲ ਅਤੇ ਸ਼ਾਂਤ ਰਖ ਸਕਦੀ ਹੋਵੇ ਤਾਂ ਉਸ ਮਹਾਂਪੁਰਸ਼ ਲਈ ਜ਼ਰੂਰੀ ਹੁੰਦਾ ਹੈ ਕਿ ਉਸ ਦੁਆਈ ਨੂੰ ਅਮਲ ਵਿਚ ਲਿਆ ਕੇ ਉਸ ਦਵਾਈ ਦਾ ਚਮਤਕਾਰ ਲੋਕਾਂ ਨੂੰ ਦਿਖਾਵੇ ਅਤੇ ਉਨ੍ਹਾਂ ਨੂੰ ਪ੍ਰਭਾਵਤ ਕਰੇ ਤਾਂ ਜੁ ਉਹ ਲੋਕ ਵੀ ਉਸ ਤੋਂ ਲਾਭ ਉਠਾ ਸਕਣ।

ਸਾਡੇ ਭਾਰਤ ਵਿਚ ਨਾਮ ਦੀ ਮਹਿਮਾ ਤਾਂ ਗੁਰੂ ਸਾਹਿਬਾਨ ਤੋਂ ਪਹਿਲੇ

ੇ ਧਰਮ ਗ੍ਰੰਥਾਂ ਵਿਚ ਵੀ ਮੌਜੂਦ ਸੀ ਪਰ ਅੱਜ ਤਕ ਕਿਸੇ ਮਹਾਂਪੁਰਸ਼ ਨੇ ਨਾਮ ਦੀ ਸ਼ਕਤੀ ਨੂੰ ਜਗਤ ਜਲੰਦੇ ਸਾਹਮਣੇ ਵਰਤ ਕੇ ਨਹੀਂ ਸੀ ਦਸਿਆ।

ਪਰ ਇਧਰ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਸਿਧਾਂਤਾਂ ਨੂੰ ਕਮਾ ਕੇ (ਅਜ਼ਮਾ ਕੇ) ਅਮਲ ਵਿਚ ਲਿਆ ਕੇ ਨਿਕਲੇ ਨਤੀਜਿਆਂ ਤੋਂ ਲਾਭ ਉਠਾਉਣ ਉਤੇ ਜ਼ੋਰ ਸੀ। ਇਸੇ ਲਈ ਨਾਮ ਦੀ ਉਚੀ ਸ਼ਕਤੀ ਨੂੰ ਅਜ਼ਮਾ ਕੇ ਉਸ ਦੇ ਲਾਭਦਾਇਕ ਨਤੀਜਿਆਂ ਨੂੰ ਦੁਨੀਆਂ ਸਾਹਮਣੇ ਪ੍ਰਤਖ ਕਰਕੇ ਦਿਖਾਉਣਾ ਬਹੁਤ ਜ਼ਰੂਰੀ ਸੀ।

ਜਿਵੇਂ ਕਿਸੇ ਡਾਕਟਰ ਕੋਲ ਕਿਸੇ ਖਾਸ ਬੀਮਾਰੀ ਦੀ ਸ਼ਰਤੀਆ ਦੁਆਈ ਹੋਵੇ ਤਾਂ ਉਸ ਦਵਾਈ ਦੀ ਮਸ਼ਹੂਰੀ ਲਈ ਜ਼ਰੂਰੀ ਹੁੰਦਾ ਹੈ ਕਿ ਉਸ ਪਈ ਹੋਈ ਬੀਮਾਰੀ ਵਾਲੀ ਥਾਂ ਪੁਜ ਕੇ ਉਸ ਦਵਾਈ ਨਾਲ ਉਨ੍ਹਾਂ ਰੋਗੀਆਂ ਨੂੰ ਰਾਜ਼ੀ ਕਰਕੇ ਦਿਖਾਵੇ। ਕੁਝ ਇਸੇ ਤਰ੍ਹਾਂ ਗੁਰੂ ਅਰਜਨ ਪਾਤਸ਼ਾਹ ਲਈ ਪ੍ਰਭੂ ਨਾਮ ਦੀ ਸ਼ਕਤੀ ਨੂੰ ਦੁਨੀਆਂ ਸਾਹਮਣੇ ਸਿੱਧ ਕਰਨ ਲਈ ਜ਼ਰੂਰੀ ਸੀ ਕਿ ਦੁਖ ਮੁਸੀਬਤ ਦਾ ਕੋਈ ਐਸਾ ਡਰਾਮਾ ਰਚਿਆ ਜਾਏ ਜਿਸ ਦੀ ਮਿਸਾਲ ਮਿਲਣੀ ਮੁਸ਼ਕਲ ਹੋਵੇ।

ਰਾਖਨਹਾਰ ਅਪਾਰ ਰਾਖੇ ਅਗਨ ਮਾਹਿ ॥
ਸੀਤਲ ਹਰਿ ਹਰਿ ਨਾਮ ਸਿਮਰਤ ਤਪਤਿ ਜਾਹਿ ॥

ਅਨੁਸਾਰ ਗੁਰੂ ਘਰ ਦਾ ਇਹ ਦਾਅਵਾ ਤਦ ਹੀ ਸੱਚਾ ਸਾਬਤ ਕੀਤਾ ਜਾ ਸਕਦਾ ਸੀ ਜਦ ਕਿ ਕਲਜੁਗ ਵਿਚ ਕੋਈ ਗੁਰਮੁਖ ਨਾਮ ਅਭਿਆਸੀ ਅਗਨੀ ਵਿਚ ਸ਼ਾਂਤ ਤੇ ਅਡੋਲ ਰਹਿ ਕੇ ਦਿਖਾ ਸਕੇ।

ਇਸ ਤਰ੍ਹਾਂ ਆਪਣੇ ਉਪਦੇਸ਼ਾਂ ਨੂੰ ਆਪ ਖ਼ੁਦ ਕਮਾਉਣ ਵਾਲੇ ਗੁਰੂ ਅਰਜਨ ਸਾਹਿਬ ਜੀ ਲਈ ਜ਼ਰੂਰੀ ਸੀ ਕਿ ਉਹ ਅਕਾਲ ਪੁਰਖ ਨੂੰ ਪ੍ਰੇਰਣਾ ਅਤੇ ਉਸ ਪਾਸੋਂ ਐਸੇ ਸਬਬ ਪੈਦਾ ਕਰਵਾਉਣ, ਜਿਨ੍ਹਾਂ ਰਾਹੀਂ ਉਨ੍ਹਾਂ ਨੂੰ 'ਤਪਤ ਮਾਹਿ ਠਾਂਢ' ਵਰਤਾਉਣ ਵਾਲੇ ਹਰੀ ਨਾਮ ਦੀ ਸ਼ਕਤੀ ਦੁਨੀਆਂ ਨੂੰ ਦਿਖਾ ਸਕਣ।

ਲਾਹੌਰ ਵਿਚ ਹੋਏ ਇਸ ਸ਼ਹੀਦੀ ਸਾਕੇ ਤੋਂ ਪਹਿਲਾਂ ਗੁਰੂ ਮਹਾਰਾਜ ਦਾ ਉਚਾਰਨ ਕੀਤਾ ਹੇਠਲਾ ਸ਼ਬਦ, ਉਨਾਂ ਦੀ ਪ੍ਰਬਲ ਇੱਛਿਆ ਦੇ ਪ੍ਰਗਟਾਵੇ

ਦੇ ਨਾਲ ਨਾਲ ਜਾਪਦਾ ਹੈ ਅਕਾਲ ਪੁਰਖ ਨੂੰ ਇਸ ਬਾਰੇ ਪ੍ਰੇਰਨਾ ਸ਼ੁਰੂ ਕੀਤਾ ਸੀ।

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੂਖ ਵਿਚਿ ਸੂਖ ਮਨਾਈ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।

ਅਕਾਲ ਪੁਰਖ ਦਾ ਬਿਰਧ ਹੈ :—

ਜੋ ਜੋ ਚਿਤਵਹਿ ਸਾਧ ਜਨ, ਸੋ ਲੇਤਾ ਮਾਨਿ ॥

ਅਤੇ—*ਹਰਿ ਸੋ ਕਿਛੁ ਕਰੈ ਜਿ ਹਰਿ ਕਿਆ ਸੰਤਾ ਭਾਵੈ ॥*

ਦੇ ਕਥਨ ਅਨੁਸਾਰ ਅਕਾਲ ਪੁਰਖ ਜੋ ਕਰਨ ਕਾਰਨ ਸਮਰਥ ਹੈ, ਨੇ ਆਪਣੇ ਜਨ (ਗੁਰੂ ਪਾਤਸ਼ਾਹ) ਦੀ ਅਰਦਾਸ ਸੁਣੀ ਤਾਂ ਜੋ ਗੁਰੂ ਪਾਤਸ਼ਾਹ ਵਾਹਿਗੁਰੂ ਦੇ ਨਾਮ ਦੀ ਮਹਾਨ ਸ਼ਕਤੀ ਨੂੰ ਇਸ ਅਤਿਅੰਤ ਦੁਖ ਅਤੇ ਤਕਲੀਫ ਸਮੇਂ ਵਰਤ ਕੇ ਇਸ ਕਮਾਲ ਨੂੰ ਦੱਸ ਕੇ ਦੁਨੀਆਂ ਨੂੰ ਯਕੀਨ ਦਿਲਾ ਸਕਣ। ਵੈਸੇ ਵੀ ਗੁਰੂ ਨਾਨਕ ਪਾਤਸ਼ਾਹ ਦੇ ਘਰ ਵਿਚ ਸਭ ਉਪਦੇਸ਼ ਕਮਾਉਣ ਮਗਰੋਂ ਹੀ (ਅਮਲ ਵਿਚ ਲਿਆਉਣ ਮਗਰੋਂ ਹੀ) ਦੁਨੀਆਂ ਨੂੰ ਦਿਤੇ ਜਾਂਦੇ ਹਨ।

ਸੋ ਜੋ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਹਰਗੋਬਿੰਦ ਜੀ ਦੀ ਕੁੜਮਾਈ ਦਾ ਬਹਾਨਾ ਬਣਿਆ, ਚੰਦੂ ਦੇ ਮੂੰਹੋਂ ਗੁਰੂ ਘਰ ਵਿਰੁੱਧ ਗਲਤ ਬੋਲ ਨਿਕਲੇ, ਦਿੱਲੀ ਦੀਆਂ ਸੰਗਤਾਂ ਵਲੋਂ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਜੀ ਪਾਸੋਂ ਨਾਮਨਜ਼ੂਰ ਕਰਾਇਆ ਗਿਆ। ਜਹਾਂਗੀਰ ਦਾ ਲਾਹੌਰ ਆਉਣਾ। ਮੁਰਤਜ਼ਾ ਖਾਨ ਤੇ ਹੋਰ ਲੋਕਾਂ ਰਾਹੀਂ ਜਹਾਂਗੀਰ ਦੇ ਕੰਨ ਭਰਨੇ ਅਤੇ ਉਸ ਤੋਂ ਗੁਰੂ ਸਾਹਿਬ ਪ੍ਰਤੀ ਯਾਸਾ-ਵ-ਸਿਆਸਤ ਦਾ ਦੰਡ ਦਿਵਾ ਕੇ ਮੁਰਤਜ਼ਾ ਖ਼ਾਨ ਰਾਹੀਂ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰਨਾ ਅਤੇ ਅੱਗੋਂ ਉਸ ਤੋਂ ਇਹ ਤਸੀਹੇ ਦਿਵਾਉਣ ਦੇ ਕਾਰਨ ਬਣੇ।

ਅੱਗ ਆਪਣੇ ਨਿਯਮ ਅਨੁਸਾਰ ਬਲਦੀ ਹੈ, ਭੱਠੀ ਤਪਦੀ ਹੈ, ਪਾਣੀ ਉਬਲਦਾ ਹੈ ਤੇ ਰੇਤ ਸਾੜਦੀ ਹੈ। ਇਸ ਤਰ੍ਹਾਂ ਗੁਰੂ ਅਰਜਨ ਪਾਤਸ਼ਾਹ ਦਾ ਸਰੀਰ ਦਾਣਿਆਂ ਦੀ ਤਰ੍ਹਾਂ ਭੁਜਦਾ ਹੈ, ਪਿੰਡਾ ਤਿੜਕਦਾ ਹੈ। ਮੀਆਂ ਮੀਰ

ਵੇਖ ਕੇ ਕੰਬਦਾ ਹੈ—ਆਦਿ ਇਹ ਸਾਰਾ ਕੁਝ ਇਸ ਖੂਨੀ ਡਰਾਮੇ ਦਾ ਦੂਜਾ ਪਾਸਾ (ਪਰਦੇ ਪਿਛੇ) ਗੁਰੂ ਮਹਾਰਾਜ ਦੀ ਸੁਰਤ, ਅੰਤਰ ਆਤਮੇ 'ਵਾਹਿਗੁਰੂ ਵਾਹਿਗੁਰੂ' ਦਾ ਸਿਮਰਨ ਕਰਦੀ ਹੋਈ ਵਾਹਿਗੁਰੂ ਦਾ ਰੂਪ ਹੋ ਕੇ ਉਥੇ ਪਹੁੰਚ ਚੁਕੀ ਸੀ ਜਿਸ ਬਾਰੇ ਗੁਰੂ ਅਮਰਦਾਸ ਜੀ ਨੇ ਲਿਖਿਆ ਹੈ :

ਗੁਰਮੁਖਿ ਅੰਤਰ ਸਹਜੁ ਹੈ, ਮਨ ਚੜਿਆ ਦਸਵੇ ਆਕਾਸ ॥
ਤਿਥੈ ਊਂਘ ਨ ਭੁਖ ਹੈ, ਹਰਿ ਅੰਮ੍ਰਿਤ ਨਾਮ ਸੁਖ ਵਾਸੁ ॥
ਨਾਨਕ ਦੁਖ ਸੁਖ ਵਿਆਪਤ ਨਹੀਂ, ਜਿਥੈ ਆਤਮ ਰਾਮ ਪ੍ਰਗਾਸ ॥

ਇਸ ਤਰ੍ਹਾਂ ਗੁਰੂ ਪਾਤਸ਼ਾਹ ਦੀ ਸ਼ਹੀਦੀ, ਨਾਮ ਦੀ ਚੜ੍ਹਦੀਕਲਾ ਦਾ ਜਿਥੇ ਜ਼ਿੰਦਾ ਸਬੂਤ ਸੀ, ਉਥੇ ਉਨ੍ਹਾਂ ਦੇ ਆਪਣੇ ਦਿਤੇ ਹੋਏ ਉਪਦੇਸ਼ਾਂ ਦਾ ਅਮਲ ਅਤੇ ਦੁਖਾਂ ਮੁਸੀਬਤਾਂ ਅਤੇ ਮੌਤ ਵੇਲੇ ਨਾਮ ਦੀ ਸੀਤਲ ਕਲਾ ਦਾ ਪ੍ਰਤਖ ਨਮੂਨਾ ਪੇਸ਼ ਕਰਨਾ ਸੀ ਜੋ ਗੁਰੂ ਸਿੱਖਾਂ ਵਾਸਤੇ ਮੌਤ ਦੀ ਅਣਹੋਂਦ ਨੂੰ ਸਿੱਧ ਕਰਨ ਦਾ ਅਮਲੀ ਤ੍ਰੀਕਾ ਸੀ।

ਮੌਤ ਦੀ ਅਣਹੋਂਦ ਦੇ ਗਿਆਨ ਦੇ ਆਸਰੇ ਹੀ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਜਿਵੇਂ ਗੁਰੂ ਕੇ ਸਿੱਖਾਂ ਨੂੰ ਮੌਤ ਦੀ ਝੂਠੀ ਹਸਤੀ ਨੂੰ ਜਿਵੇਂ ਵੰਗਾਰਿਆ, ਉਹ ਚਰਖੜੀਆਂ ਤੇ ਚੜ੍ਹਨ ਵੇਲੇ ਬੰਦ ਬੰਦ ਕਟਾਉਣ ਵੇਲੇ ਖੋਪਰੀਆਂ ਉਤਰਾਉਣ ਵੇਲੇ ਜਿਵੇਂ ਅਕਾਲ ਪੁਰਖ ਦੇ ਆਸਰੇ ਕਾਲ ਨੂੰ ਜਿੱਤਿਆ ਅਤੇ ਨਾਮ ਦੀ ਚੜ੍ਹਦੀ ਕਲਾ ਦਾ ਜਿਵੇਂ ਅਮਲੀ ਪ੍ਰਚਾਰ ਕੀਤਾ, ਖਾਲਸੇ ਦਾ ਸ਼ਾਨਦਾਰ ਇਤਿਹਾਸ ਗਵਾਹ ਹੈ।

ਕੌਮ-ਸ਼ਹੀਦਾਂ

ਗਿਣਤੀ ਦੇ ਪਖੋਂ ਸਿੱਖ ਕੌਮ ਭਾਵੇਂ ਬਹੁਤ ਛੋਟੀ ਹੈ ਇਸ ਛੋਟੀ ਜਿਹੀ ਕੌਮ ਦੇ ਬੰਦਿਆਂ ਨੇ ਜੋ ਜੋ ਕਮਾਲ ਕਰ ਵਿਖਾਏ ਉਹ ਜਿਥੇ ਆਪਣੀ ਮਿਸਾਲ ਆਪ ਹੀ ਹਨ ਉਥੇ ਉਨ੍ਹਾਂ ਸਾਰਿਆਂ ਦਾ ਪਿਛੋਕੜ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਦੇ ਪਾਏ ਹੋਏ ਇਸ ਸ਼ਹੀਦੀ ਦੇ ਪੂਰਨੇ ਨਾਲ ਜੁੜਿਆ ਹੋਇਆ ਹੈ। ਬਹੁਤ ਸੰਖੇਪ 'ਚ ਇਸ ਤਰ੍ਹਾਂ :—

1. ਕੇਵਲ 40 ਸਿੱਖਾਂ ਦੇ ਦਸ ਲੱਖ ਮੁਗਲ ਸਿਪਾਹੀਆਂ ਦਾ ਮੁਕਾਬਲਾ ਚਮਕੌਰ ਦੀ ਕਚੀ ਹਵੇਲੀ (ਗੜ੍ਹੀ) ਵਿਚ ਜਿਸ ਦਲੇਰੀ ਤੇ ਬਹਾਦਰੀ ਨਾਲ ਕੀਤਾ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਕਈ ਦਿਨਾਂ ਦੇ ਥਕੇ ਅਤੇ ਭੁੱਖੇ 40 ਸਿੰਘਾਂ ਨੇ ਇਤਨੀ ਵੱਡੀ ਸੁਸਿਖਿਅਤ ਅਤੇ ਸਭ ਤਰ੍ਹਾਂ ਦੇ ਸ਼ਸਤਰਾਂ ਨਾਲ ਲੈਸ ਮੁਸਲਮ ਸੈਨਾ ਨੂੰ ਇਕ ਦਿਨ ਅਤੇ ਇਕ ਰਾਤ ਗੜ੍ਹੀ ਦੇ ਨੇੜੇ ਨਾ ਫਟਕਣ ਦੇਣਾ, ਆਪਣੀ ਮਿਸਾਲ ਆਪ ਹੀ ਹੈ।

2. ਸੱਚ, ਧਰਮ ਅਤੇ ਅਣਖ ਦੀ ਖਾਤਰ ਮਰ ਮਿਟਣ ਦਾ ਜਜ਼ਬਾ ਇਨ੍ਹਾਂ ਜਿਥੇ ਪੰਚਮ ਪਾਤਸ਼ਾਹ ਤੋਂ ਸਿੱਖਿਆ ਉਥੇ ਸੇਵਾ ਉਪਕਾਰ ਦੇ ਮੈਦਾਨ ਵਿਚ ਦੂਜਿਆਂ ਲਈ ਮਰ ਮਿਟਣਾ, ਇਨ੍ਹਾਂ ਨੇ ਆਪਣੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਕੋਲੋਂ ਸਿੱਖਿਆ ਜਿਨ੍ਹਾਂ ਨੇ ਹਿੰਦੂ ਧਰਮ ਦੀ ਰਖਿਆ ਲਈ ਆਪਣਾ ਸੀਸ ਦਿੱਲੀ ਆਪ ਜਾ ਕੇ ਦਿਤਾ।

3. ਲਗਪਗ ਸਵਾ ਦੋ ਸੌ ਸਾਲ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਜਦ ਹਜ਼ਾਰਾਂ ਪਠਾਨਾਂ ਸਮੇਤ ਦਿੱਲੀ ਚੜ੍ਹਕੇ ਆਇਆ ਤਾਂ ਉਸ ਦੇ ਸਾਹਮਣੇ ਬੜੇ ਬੜੇ ਭਾਰਤੀ ਸੂਰਮੇ ਰਾਜਪੂਤ, ਮਰਹੱਟੇ ਅਤੇ ਜਾਟ ਆਦਿ ਕੋਈ ਵੀ ਨਾ ਅੜ ਸਕੇ।

ਜਿਸ ਕਾਰਨ ਲੱਖਾਂ ਰੁਪਏ ਅਤੇ ਬੇਅੰਤ ਮਾਲ ਅਸਬਾਬ ਲੁਟ ਕੇ ਵਾਪਸ ਮੁੜਦਾ 18000 ਸੁੰਦਰ ਭਾਰਤੀ ਇਸਤ੍ਰੀਆਂ ਨੂੰ ਭੇਡਾਂ ਬਕਰੀਆਂ ਦੀ ਤਰ੍ਹਾਂ ਹੱਕ ਕੇ ਜਦੋਂ ਆਪਣੇ ਦੇਸ਼ ਵਲ ਜਾ ਰਿਹਾ ਸੀ ਇਸ ਛੋਟੀ ਜਿਹੀ ਕੌਮ ਨੇ ਆਪਣੇ ਆਗੂ ਸਰਦਾਰ ਜੱਸਾ ਸਿੰਘ ਦੀ ਅਗਵਾਈ ਹੇਠ ਮੁੱਠੀ ਭਰ ਗੁਰੂ ਕੇ ਸਿੰਘਾਂ ਨੇ ਅਚਾਨਕ ਐਸੇ ਹਮਲੇ ਉਨ੍ਹਾਂ ਤੇ ਕੀਤੇ ਕਿ ਉਨ੍ਹਾਂ ਦੀ ਨਾਨੀ ਯਾਦ ਕਰਵਾ ਦਿਤੀ। ਆਪਣੀ ਦੁਖ ਭੁਖ ਅਤੇ ਮੌਤ ਦੀ ਪ੍ਰਵਾਹ ਨ ਕਰਕੇ, ਉਨ੍ਹਾਂ ਦੇਵੀਆਂ ਨੂੰ ਛੁਡਾ ਕੇ ਉਨ੍ਹਾਂ ਨੂੰ ਘਰੋ-ਘਰੀਂ ਪਹੁੰਚਾਉਣਾ, ਇਨ੍ਹਾਂ ਦੇ ਹੀ ਹਿੱਸੇ ਆਇਆ ਸੀ।

ਇਤਿਹਾਸਕਾਰ, ਸਰ ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਇਸ ਮਹਾਨ ਕਾਰਨਾਮੇ ਮਗਰੋਂ ਲੋਕੀਂ ਬੰਦੀ ਛੋੜ ਗੁਰੂ (ਹਰਿ ਗੋਬਿੰਦ ਸਾਹਿਬ) ਦੇ ਸਿੱਖਾਂ ਨੂੰ ਬੰਦੀ ਛੋੜ (ਕੈਦੀਆਂ ਨੂੰ ਛੁੜਾਉਣ ਵਾਲੇ) ਸੇਵਾ ਤੇ ਉਪਕਾਰੀਆਂ ਦੀ ਕੌਮ ਨਾਲ ਯਾਦ ਕਰਨ ਲਗੇ।

4. 1947 ਤੋਂ ਪਹਿਲਾਂ (ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ) ਭਾਰਤ, ਜਿਸ ਵਿਚ ਪਾਕਿਸਤਾਨ ਅਤੇ ਬੰਗਲਾ ਦੇਸ਼ ਵੀ ਸ਼ਾਮਲ ਸੀ ਜਿਸ ਵਿਚ ਭਾਰਤ ਵਾਸੀਆਂ ਦੀ ਗਿਣਤੀ ਲਗਪਗ 45 ਕਰੋੜ ਸੀ। ਇਸ ਵਿਚ ਸਿੱਖਾਂ ਦੀ ਗਿਣਤੀ ਇਕ ਕਰੋੜ ਤੋਂ ਵੀ ਘੱਟ ਸੀ।

ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਭ ਕੌਮਾਂ ਨੇ ਹਿੱਸਾ ਪਾਇਆ ਪਰ ਜੋ ਇਸ ਛੋਟੀ ਜਿਹੀ ਕੌਮ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਰਬਾਨੀਆਂ ਦਿੱਤੀਆਂ ਉਹ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਡਾ: ਪਟਾ ਭਾਈ ਸੀਤਾਰਮਈਆ ਦੇ ਲਿਖੇ ਕਾਂਗਰਸ ਇਤਿਹਾਸ ਵਿਚ ਆਜ਼ਾਦੀ ਦੇ ਅੰਦੋਲਨ ਵਿਚ ਸਿੱਖਾਂ ਦੇ ਪਾਏ ਹੋਏ ਹਿੱਸੇ ਦੇ ਅੰਕੜੇ ਇਸ ਤਰ੍ਹਾਂ ਹਨ :—

1. ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ	
ਜਿਤਨੇ ਫਾਂਸੀ ਚਾੜ੍ਹੇ ਗਏ	121
ਇਹਨਾਂ ਵਿਚੋਂ ਸਿੱਖਾਂ ਦੀ ਗਿਣਤੀ	93
ਹੋਰ ਕੌਮਾਂ ਦੀ ਗਿਣਤੀ	28
2. ਜਿਤਨੇ ਕਾਲੇ ਪਾਣੀ ਭੇਜੇ ਗਏ	2646
ਇਨ੍ਹਾਂ ਵਿਚੋਂ ਸਿੱਖ —	2147

	ਬਾਕੀ ਹੋਰ ਕੌਮਾਂ ਦੇ ਮਿਲਾ ਕੇ	561
3.	ਜਲ੍ਹਿਆਂ ਵਾਲੇ ਬਾਗ ਵਿਚ ਕੁਲ ਮਰੇ	1300
	ਉਸ ਵਿਚ ਸਿੱਖ	799
	ਬਾਕੀ	501
	ਬਜ ਬਜ ਘਾਟ (ਕਲਕੱਤਾ) ਗੋਲੀ	
	ਕਾਂਡ ਵਿਚ ਜਿਤਨੇ ਸ਼ਹੀਦ ਹੋਏ	113
	ਉਨ੍ਹਾਂ ਵਿਚ ਸਿੱਖ	67
	ਬਾਕੀ ਧਰਮਾਂ ਵਾਲੇ	46
5.	ਕੂਕਾ ਲਹਿਰ ਵਿਚ ਸ਼ਹੀਦ	91
	ਸਿੱਖ	91
	ਹੋਰ ਧਰਮਾਂ ਦੇ	--
	ਕੁਲ ਸ਼ਹੀਦਾਂ ਦਾ ਜੋੜ	4271
	ਇਨ੍ਹਾਂ ਵਿਚੋਂ ਸਿੱਖ	3197
	ਗੈਰ ਸਿੱਖ	1074

ਇਨ੍ਹਾਂ ਉਪਰ ਦਿਤੇ ਅੰਕੜਿਆਂ ਤੋਂ ਅਤੇ ਭਾਰਤ ਪਾਕਿਸਤਾਨ ਦੇ ਯੁੱਧਾਂ ਸਮੇਂ ਜੋ ਜੋ ਕੁਰਬਾਨੀਆਂ ਇਸ ਛੋਟੀ ਜਿਹੀ ਕੌਮ ਦੇ ਹਿੱਸੇ ਆਈਆਂ ਉਹ ਸਭ ਗੁਰੂ ਅਰਜਨ ਪਾਤਸ਼ਾਹ ਦੇ ਪਾਏ ਹੋਏ ਪੂਰਨੇ (ਮਹਾਨ ਸ਼ਹੀਦੀ) ਦਾ ਸਦਕਾ ਹੀ ਕਿਹਾ ਜਾ ਸਕਦਾ ਹੈ ਅਤੇ ਇਸੇ ਕਰਕੇ ਹੀ ਇਸ ਕੌਮ ਨੂੰ ਸ਼ਹੀਦਾਂ ਦੀ ਕੌਮ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਸ਼ਹੀਦਾਂ ਦੀ ਕੌਮ ਦੇ ਸਪੁੱਤਰੋ !

ਆਓ !! ਅੱਜ ਮਹਾਨ ਸ਼ਹੀਦ ਗੁਰੂ ਦੇ ਸ਼ਹੀਦੀ ਪੁਰਬ ਉਤੇ ਜ਼ਰਾ ਸੋਚੀਏ ! ਨਿਰਪੱਖ ਹੋ ਕੇ ਵੀਚਾਰੀਏ !!

1. ਕਿ ਇਸ ਮਹਾਨ ਪਰਉਪਕਾਰੀ ਸ਼ਹੀਦ ਗੁਰੂ ਦੀ ਕੁਰਬਾਨੀ ਦੀ ਵਾਰਤਾ, ਕੁਰਬਾਨੀ ਦੇ ਕਾਰਨਾਂ ਦਾ ਪਤਾ ਸਾਡੇ ਵਿਚੋਂ ਕਿੰਨਿਆਂ ਕੁ ਨੂੰ ਯਾਦ ਹੈ ?

2. ਅਖਵਾਉਣ ਨੂੰ ਤਾਂ ਅਸੀਂ ਸਾਰੇ ਗੁਰੂ ਪਾਤਸ਼ਾਹ ਦੇ ਸਿੱਖ ਹੀ ਅਖਵਾਉਂਦੇ ਹਾਂ ਪਰ ਸਾਨੂੰ ਆਪਣੇ ਗੁਰੂ ਦੇ ਮਿਸ਼ਨ ਬਾਰੇ ਕਿੰਨੀ ਕੁ ਜਾਣਕਾਰੀ ਹੈ ? ਇਹ ਆਪੋ ਆਪਣੇ ਅੰਦਰ ਝਾਤ ਮਾਰਨ ਤੇ ਸਭ ਨੂੰ ਪਤਾ ਲਗ ਸਕਦਾ ਹੈ ਕਿ ਸਾਨੂੰ ਅਤੇ ਸਾਡੇ ਪਰਿਵਾਰਾਂ ਨੂੰ ਗੁਰਮਤਿ ਦੀ ਮੁਢਲੀ ਤੇ ਜ਼ਰੂਰੀ ਜਾਣਕਾਰੀ ਕਿੰਨੀ ਕੁ ਹੈ ਅਤੇ ਕਿੰਨੀ ਕੁ ਗੁਰਮਤਿ ਨੂੰ ਅਸੀਂ ਅਪਣਾਅ ਰਹੇ ਹਾਂ।

3. ਅਸੀਂ ਭਾਵੇਂ ਕੁਝ ਪੜ੍ਹੇ ਲਿਖੇ ਹਾਂ ਜਾਂ ਅਨਪੜ੍ਹ ਹਾਂ, ਸਾਡੀ ਸਭ ਦੀ ਇਹ ਖਾਹਸ਼ ਹੁੰਦੀ ਹੈ ਅਤੇ ਕੋਸ਼ਿਸ਼ ਵੀ ਹੈ ਕਿ ਸਾਡੇ ਬੱਚੇ ਬੱਚੀਆਂ ਵਧ ਤੋਂ ਵਧ ਪੜ੍ਹ ਲਿਖ ਜਾਣ। ਬੜੀ ਚੰਗੀ ਗੱਲ ਹੈ, ਪਰ ਸਾਡੇ ਵਿਚੋਂ ਕਿੰਨੇ ਕੁ ਐਸੇ ਹਨ ਜਿਨ੍ਹਾਂ ਨੂੰ ਇਸ ਉਪ੍ਰੋਕਤ ਖਾਹਸ਼ ਦੇ ਨਾਲ ਨਾਲ ਇਹ ਵੀ ਖਾਹਸ਼ ਹੈ ਅਤੇ ਯਤਨ ਵੀ ਕਰਦੇ ਹਨ ਕਿ ਸਾਡੇ ਬੱਚਿਆਂ ਨੂੰ ਆਪਣੇ ਗੁਰੂ ਸਾਹਿਬਾਨ ਦੇ ਇਤਿਹਾਸ ਅਤੇ ਗੁਰਬਾਣੀ ਦੀ ਵੀ ਕੁਝ ਜਾਣਕਾਰੀ ਹੋਵੇ ?

ਨਿਰਪਖ ਹੋ ਕੇ ਸਰਵੇ ਕਰਨ ਤੇ ਪਤਾ ਲਗੇਗਾ ਕਿ ਸ਼ਾਇਦ ਹੀ ਦੋ ਚਾਰ ਪ੍ਰਤੀਸ਼ਤ ਹੀ ਸਿੱਖ ਹੋਣਗੇ ਜਿਨ੍ਹਾਂ ਨੂੰ ਗੁਰੂ ਕਿਰਪਾ ਨਾਲ ਇਹ ਸੋਝੀ ਵੀ ਮਿਲੀ ਹੈ ਤੇ ਯਤਨ ਵੀ ਕਰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਬੱਚੀਆਂ ਚੰਗਾ ਗੁਰਸਿਖੀ ਜੀਵਨ ਜੀਉਣ ਵਾਲੇ ਹੋਣ। ਨਹੀਂ ਤਾਂ ਰੱਬ ਹੀ ਰਾਖਾ ਹੈ।

4. ਬੱਚਿਆਂ ਦੀ ਦੁਨਿਆਵੀ ਪੜ੍ਹਾਈ ਲਿਖਾਈ ਅਤੇ ਚੰਗੀ ਸਿਹਤ ਲਈ ਯਤਨ ਕਰਨਾ ਹਰ ਚੰਗੇ ਮਾਂ-ਬਾਪ ਦਾ ਫਰਜ਼ ਹੈ ਪਰ ਇਸ ਦੇ ਨਾਲ ਨਾਲ ਹਰ ਗੁਰਸਿੱਖ ਦਾ ਫਰਜ਼ ਇਹ ਵੀ ਹੈ ਕਿ ਉਹ ਆਪਣੇ ਬੱਚੇ ਬੱਚੀਆਂ ਨੂੰ ਸ਼ੁਰੂ ਤੋਂ ਹੀ ਸਿੱਖ ਧਰਮ ਦੀ ਮੁੱਢਲੀ ਅਤੇ ਜ਼ਰੂਰੀ ਅਸੂਲਾਂ ਦੀ ਜਾਣਕਾਰੀ ਦੇਣ ਦਿਵਾਉਣ ਦਾ ਉਪਰਾਲਾ ਵੀ ਕਰਨ।

ਆਪ ਗੁਰਸਿੱਖੀ ਜੀਵਨ ਜੀਉਣ ਦਾ ਉਪਰਾਲਾ ਕਰਦਿਆਂ ਸਾਡਾ ਸਭ ਦਾ ਜ਼ਰੂਰੀ ਫਰਜ਼ ਹੈ ਕਿ ਆਪਣੇ ਬੱਚੇ ਬੱਚੀਆਂ ਲਈ ਹਰ ਮਹੀਨੇ ਉਨ੍ਹਾਂ ਦੀ ਉਮਰ ਅਤੇ ਲਿਆਕਤ ਅਨੁਸਾਰ ਕੋਈ ਨਾ ਕੋਈ ਧਾਰਮਿਕ ਲਿਟ੍ਰੇਚਰ ਖਰੀਦ ਕੇ ਉਨ੍ਹਾਂ ਨੂੰ ਦਿਤਾ ਜਾਵੇ।

ਅੱਜ ਕਲ੍ਹ ਗੁਰੂ ਸਾਹਿਬਾਨ ਦੇ ਜੀਵਨ ਪੁਰਾਤਨ ਸਿੰਘ ਸਿੰਘਣੀਆਂ ਦੇ ਜੀਵਨ, ਸ਼ਹੀਦਾਂ ਦੇ ਜੀਵਨ ਵੱਖ ਵੱਖ ਤਰੀਕੇ ਨਾਲ ਨਾਵਲ, ਕਹਾਣੀਆਂ ਅਤੇ ਕਾਮਕਾਂ (ਤਸਵੀਰਾਂ ਵਾਲੀਆਂ ਕਿਤਾਬਾਂ) ਦੇ ਰੂਪ ਵਿਚ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਬੱਚੇ ਬੜੇ ਸ਼ੌਕ ਨਾਲ ਪੜ੍ਹਦੇ ਹਨ। ਲੋੜ ਹੈ ਚੋਣ ਕਰ ਕੇ ਚੰਗਾ ਲਿਟ੍ਰੇਚਰ ਬੱਚਿਆਂ ਤਕ ਪਹੁੰਚਾਉਣ ਦੀ।

ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਹੋਰ ਕਈ ਸੰਸਥਾਵਾਂ ਨੇ ਛੋਟੀਆਂ-ਛੋਟੀਆਂ, ਸਸਤੀਆਂ ਪੁਸਤਕਾਂ ਬੱਚਿਆਂ ਦੇ ਪੱਧਰ ਦੀਆਂ ਕਾਫੀ ਛਪਵਾਈਆਂ ਹਨ। ਉਨ੍ਹਾਂ ਨੂੰ ਖਰੀਦ ਕੇ ਬੱਚਿਆਂ ਨੂੰ ਦੇ ਕੇ ਆਪਣੇ ਮਹਾਨ ਵਿਰਸੇ ਨਾਲ ਜੋੜਨਾ ਬੜਾ ਜ਼ਰੂਰੀ ਹੈ। ਇਸੇ ਤਰ੍ਹਾਂ ਹਰ ਗੁਰਸਿੱਖ ਦੇ ਘਰ ਇਕ ਦੋ ਧਾਰਮਿਕ ਮੈਗਜ਼ੀਨ (ਰਸਾਲੇ) ਜ਼ਰੂਰ ਆਉਣੇ ਚਾਹੀਦੇ ਹਨ ਜਿਸ ਤੋਂ ਹਰ ਮਹੀਨੇ ਨਵੀਂ ਜਾਣਕਾਰੀ ਨਵੇਂ ਢੰਗ ਨਾਲ ਸਾਰੇ ਪਰਿਵਾਰ ਨੂੰ ਮਿਲਦੀ ਰਹੇ ਅਤੇ ਉਹ ਸਿੱਖ ਵਿਚਾਰਧਾਰਾ ਨਾਲ ਜੁੜੇ ਰਹਿਣ। ਇਸ ਤਰ੍ਹਾਂ ਉਹ ਜਿਥੇ ਸਿੱਖੀ ਤੋਂ ਦੂਰ ਨਹੀਂ ਹੋਣਗੇ ਉਥੇ ਗੁਰੂ ਮਿਸ਼ਨ ਨੂੰ ਆਪ ਸਮਝ ਕੇ ਪ੍ਰਚਾਰ ਕਰਨ ਦੀ ਰੁਚੀ ਵੀ ਉਨ੍ਹਾਂ 'ਚ ਪੈਦਾ ਹੋਏਗੀ ਤੇ ਕੌਮ ਚੜ੍ਹਦੀ ਕਲਾ ਵਲ ਜਾ ਸਕੇਗੀ।

ਨਿਸਚੇ ਦੀ ਗੱਲ

ਇਹ ਗੱਲ ਸਾਨੂੰ ਨਿਸਚੇ ਨਾਲ ਜਾਣ ਲੈਣੀ ਚਾਹੀਦੀ ਹੈ ਕਿ ਸਿੱਖੀ ਦਾ ਜੀਵਨ ਆਧਾਰ ਮਾਂ ਬੋਲੀ ਪੰਜਾਬੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਅਸੀਂ ਆਪਣੇ ਬੱਚਿਆਂ ਨੂੰ ਪੰਜਾਬ ਦੇ ਨਾਲ ਨਾਲ ਗੁਰਬਾਣੀ ਸਿਖਾ ਕੇ ਹੀ ਸਿੱਖੀ ਦੇ ਬੂਟੇ ਨੂੰ ਨਰੋਆ ਰੱਖ ਸਕਦੇ ਹਾਂ।

3. ਬੱਚਿਆਂ ਦੇ ਜਨਮ ਦਿਨਾਂ ਉੱਤੇ ਅਤੇ ਹੋਰ ਵਿਆਹ ਸ਼ਾਦੀਆਂ ਜਾਂ ਖੁਸ਼ੀਆਂ ਦੇ ਮੌਕੇ ਤੇ ਸੁਗਾਤ (ਗਿਫਟ) ਵਜੋਂ ਉਨ੍ਹਾਂ ਦੀ ਉਮਰ ਤੇ ਲਿਆਕਤ ਅਨੁਸਾਰ, ਸਿਖ ਜੀਵਨੀਆਂ, ਸ਼ਹੀਦੀ ਜੀਵਨੀਆਂ, ਧਾਰਮਕ ਤੇ ਇਤਿਹਾਸਕ ਨਾਵਲ-ਕਹਾਣੀਆਂ, 'ਕਾਮਿਕ' ਗੁਰਬਾਣੀ ਦੇ ਸਟੀਕ ਆਦਿ ਦੇਂਦੇ ਰਹਿਣ ਨਾਲ ਇਕ ਦਿਨ ਇਹ ਚੰਗੇ ਗੁਰਸਿੱਖ ਬਣ ਜਾਣਗੇ

—ਪ੍ਰਾਰਥਕ

ਗੁਰੂ ਅਰਜਨ ਦੇਵ ਜੀ ਦੀ ਸੰਖੇਪ ਸੰਸਾਰ ਯਾਤਰਾ

1. ਅਵਤਾਰ : ਗੋਇੰਦਵਾਲ ਜ਼ਿਲਾ ਅੰਮ੍ਰਿਤਸਰ 19 ਵੈਸਾਖ ਸੰਮਤ 1620 ।
2. ਮਾਤਾ ਪਿਤਾ : ਸ੍ਰੀ ਗੁਰੂ ਰਾਮਦਾਸ ਜੀ ਮਾਤਾ ਭਾਨੀ ਜੀ ।
3. ਵਿਆਹ : 23 ਹਾੜ ਸੰਮਤ 1636, 'ਮਊ' ਜ਼ਿਲਾ ਜਲੰਧਰ ਸ੍ਰੀ ਕ੍ਰਿਸ਼ਨ ਚੰਦਰ ਦੀ ਸਪੁਤ੍ਰੀ ਮਾਤਾ ਗੰਗਾ ਜੀ ਨਾਲ ।
4. ਸੰਤਾਨ : ਗੁਰੂ ਹਰਿਗੋਬਿੰਦ ਸਾਹਿਬ ਜੀ
5. ਗੁਰਿਆਈ : 2 ਅਸੂ ਸੰਮਤ 1638 ਨੂੰ ਪ੍ਰਾਪਤ ਹੋਈ
6. ਅਸਥਾਨ ਤੇ :
   1. ਅੰਮ੍ਰਿਤਸਰ ਸਰੋਵਰ ਸੰਮਤ 1643
   2. ਸੰਤੋਖ ਸਰ 1645
   3. ਹਰਮੰਦਿਰ ਸਾਹਿਬ ਦੀ ਨੀਂਹ ਸੰਮਤ 1645
   4. ਤਰਨਤਾਰਨ ਸਰੋਵਰ : 1647
   5. ਕਰਤਾਰਪੁਰ (ਜਲੰਧਰ) : ਸੰਮਤ 1650
   6. ਤਰਨਤਾਰਨ ਸਾਹਿਬ : ਸੰਮਤ 1653
   7. ਛਿਹਰਟਾ ਸਾਹਿਬ : ਸੰਮਤ 1653
   8. ਸ੍ਰੀ ਹਰਿਗੋਬਿੰਦ ਪੁਰਾ : ਸੰਮਤ 1654
   9. ਬਾਉਲੀ ਸਾਹਿਬ ਲਾਹੌਰ : ਸੰਮਤ 1656
   10. ਰਾਮਸਰ ਅੰਮ੍ਰਿਤਸਰ : 1659-60
   11. ਗੁਰੂ ਕਾ ਬਾਗ ਅੰਮ੍ਰਿਤਸਰ
   12. ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨਾ : 1660 ਵਿਚ ਰਾਮਸਰ ਕੰਢੇ ਆਰੰਭੀ ਅਤੇ ਭਾਦੋਂ ਸੁਦੀ 1. ਸੰਮਤ 1661 ਨੂੰ ਸ੍ਰੀ ਹਰਿਮੰਦਰ ਸਾਹਿਬ ਪ੍ਰਕਾਸ਼ ਕੀਤਾ ।
7. ਜੋਤੀ ਜੋਤ : 1 ਹਾੜ: ਜੇਠ ਸੁਧੀ 4, ਸੰਮਤ 1663 ਲਾਹੌਰ

PUBLISHING SOLUTIONS, NEW MARKET., ADDA HOSP. JAL

ਸੂਚਨਾ

ਸਭਾ ਵਲੋਂ ਛਪ ਚੁਕੀਆਂ ਪੁਸਤਕਾਂ ਵਿਚੋਂ ਜੋ ਇਸ ਸਮੇਂ ਸਟਾਕ ਵਿਚ ਹਨ :-

1. ਅੰਮ੍ਰਿਤ ਵੇਲਾ ਲੇਖਕ ਡਾ: ਤੇਜਿੰਦਰ ਸਿੰਘ ਅੱਧਾ ਮੁਲ 10/-
2. ਓਦੋਂ ਤੇ ਅੱਜ-5/- ਓਦੋਂ ਤੇ ਹੁਣ 5/-
3. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਮਰਿਆਦਾ 5/-
4. ਲੇਖਾ ਰਬ ਮੰਗੇਸੀਆ 3/-
5. 12 ਸਚੀਆਂ ਵਾਰਤਾਵਾਂ 3/-
6. ਤਿੰਨ ਵੀਚਾਰ 3/-
7. ਅਕਲੀ ਕੀਚੈ ਦਾਨ 3/-
8. ਗੁਰਬਾਣੀ ਸ਼ੁਧ ਪੜ੍ਹਨ ਬਾਰੇ ਕੁਝ ਗੱਲਾਂ 3/-
9. ਮੋਟੇ ਅਖਰਾਂ ਵਾਲਾ ਗੁਟਕਾ ਜਪੁਜੀ, ਰਹਰਾਸਿ ਤੇ ਸੋਹਿਲਾ- ਅਰਦਾਸ 3/-
10. ਸ਼ਬਦਾਂ ਦਾ ਗੁਟਕਾ (ਬੱਚਿਆਂ ਲਈ ਖਾਸ) 0.50
11. ਧਾਰਮਿਕ ਰਹੁ ਰੀਤਾਂ ਦੀ ਸੰਖੇਪ ਜਾਣਕਾਰੀ 1/-

ਇਹ ਅਤੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 40/-ਰੁ: ਸੈਂਕੜਾ ਮੰਗਵਾਉਣ ਲਈ ਮਾਇਆ ਸ: ਦੀਦਾਰ ਸਿੰਘ, ਸੀ-129, ਵਿਕਾਸ ਕਾਲੋਨੀ, ਪਟਿਆਲਾ- 147001 ਨੂੰ ਭੇਜੋ।

-ਪ੍ਰਾਰਥਕ